ੴ

ਵਾਹਿਗੁਰੂ ਜੀ ਕੀ ਫਤਹਿ।

ਪ੍ਰਧਾਨ ਸਾਹਿਬ,
ਅਤੇ
ਸਮੂਹ ਮੈਂਬਰਾਨ ਕਾਰਜਕਾਰੀ ਕਮੇਟੀ,
ਸ਼੍ਰੋਮਣੀ ਗੁ: ਪ੍ਰ: ਕਮੇਟੀ,
ਸ੍ਰੀ ਅੰਮ੍ਰਿਤਸਰ।

ਅੱਜ ਦੀ ਵਿਸ਼ੇਸ਼ ਇਕਤਰਤਾ 20-10-2018 ਨੂੰ ਗਿ: ਗੁਰਬਚਨ ਸਿੰਘ ਦੇ ਅਸਤੀਫਾ ਦੇਣ ਕਾਰਨ ਨਵੇਂ ਜਥੇਦਾਰ ਦੀ ਨਿਯੁਕਤੀ ਸਬੰਧੀ ਬੁਲਾਈ ਗਈ ਹੈ। ਇਸ ਸਬੰਧ ਮੈਂ ਆਪਣੀ ਰਾਏ ਪੇਸ਼ ਕਰਦਾ ਹਾਂ ਕਿ:-

1. ਗਿ: ਜੋਗਿੰਦਰ ਸਿੰਘ ਵਿਦਾਂਤੀ ਜੋ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਨ। ਉਸ ਸਮੇਂ 29-03-2000 ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਹਦਾਇਤ ਕੀਤੀ ਗਈ ਸੀ ਕਿ ਜਥੇਦਾਰ ਦੀ ਨਿਯੁਕਤੀ ਲਈ ਨਿਯਮ, ਯੋਗਤਾ, ਕਾਰਜਖੇਤਰ, ਕਾਰਜਵਿਧੀ ਅਤੇ ਸੇਵਾ ਮੁਕਤੀ ਆਦਿ ਲਈ ਵਿਧੀ ਵਿਧਾਨ ਨਿਰਧਾਰਤ ਕੀਤਾ ਜਾਵੇ। ਮੇਰੀ ਰਾਏ ਹੈ ਕਿ ਇਸ ਆਦੇਸ਼ ਦੀ ਪੂਰੀ ਤਰ੍ਹਾਂ ਪਾਲਣਾ ਕੀਤੀ ਜਾਵੇ।

2. ਵੱਖ-ਵੱਖ ਪੰਥਕ ਜਥੇਬੰਦੀਆਂ ਟਕਸਾਲਾ ਨਿਹੰਗ ਜਥੇਬੰਦੀਆਂ ਅਤੇ ਵੱਖ-ਵੱਖ ਸਿੰਘ ਸਭਾਵਾਂ ਪਾਸੋਂ ਯੋਗ ਸਖਸ਼ੀਅਤਾਂ ਦੇ ਨਾਵਾਂ ਦੀ ਮੰਗ ਕਰਨੀ ਚਾਹੀਦੀ ਹੈ। ਜੋ ਨਾਮ ਪੁੱਜਣ ਉਨ੍ਹਾਂ ਵਿਚੋਂ ਯੋਗ ਸਖਸ਼ੀਅਤ ਦੀ ਚੋਣ ਕਰਨ ਲਈ ਪੜ੍ਹੇ ਲਿਖੇ, ਸੂਝਵਾਨ ਪੰਥਕ ਨੁਮਾਇੰਦੇ ਅਤੇ ਪੰਥਕ ਵਿਦਵਾਨਾਂ ਦੀ ਕਮੇਟੀ ਨਿਰਧਾਰਿਤ ਕਰਕੇ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਸੇਵਾ ਦੇਣੀ ਚਾਹੀਦੀ ਹੈ।

3. ਗਿ: ਗੁਰਬਚਨ ਸਿੰਘ ਜੀ ਦੇ ਬਤੌਰ ਜਥੇਦਾਰ ਸੇਵਾ ਕਾਲ ਦੌਰਾਨ ਹੋਈਆਂ ਬਜ਼ੱਰ ਕੁਤਾਹੀਆਂ (ਜਿਸ ਨਾਲ ਪੰਥਕ ਮਾਨ ਮਰਿਆਦਾ ਅਤੇ ਰਵਾਇਤਾ ਨੂੰ ਢਾਹ ਲੱਗੀ ਹੋਵੇ।) ਦੀ ਸੂਝਵਾਨ ਪੰਥਕ ਵਿਦਵਾਨਾਂ ਦੀ ਕਮੇਟੀ ਨਿਰਧਾਰਿਤ ਕਰਕੇ ਜਾਚ ਪੜਤਾਲ ਕਰਕੇ ਰਿਪੋਰਟ ਸੰਗਤ ਦੇ ਸਾਹਮਣੇ ਪੇਸ਼ ਕੀਤੀ ਜਾਵੇ।

4. ਜੋ ਵੀ ਜਥੇਦਾਰ / ਕਾਰਜਕਾਰੀ ਜਥੇਦਾਰ ਹੋਵੇ ਉਸ ਦੀ ਸਰਕਾਰੀ ਸਕਿਊਰਿਟੀ ਨਹੀਂ ਹੋਣੀ ਚਾਹੀਦੀ ਤਾਂ ਜੋ ਜਥੇਦਾਰ ਸੰਗਤਾ ਨਾਲ ਤਾਲ ਮੇਲ ਕਰ ਸਕੇ। ਫਿਰ ਵੀ ਜੇਕਰ ਲੋੜ ਹੋਵੇ ਤਾਂ ਸ਼੍ਰੋਮਣੀ ਗੁ: ਪ੍ਰ: ਕਮੇਟੀ ਨੂੰ ਆਪਣੇ ਵਲੋਂ ਯੋਗ ਪ੍ਰਬੰਧ ਕਰਨਾ ਚਾਹੀਦਾ ਹੈ।

ਜੇਕਰ ਅੰ: ਕਮੇਟੀ ਮੇਰੇ ਇਸ ਸੁਝਾਉ ਦੇ ਉਲਟ ਕੋਈ ਵੀ ਫੈਸਲਾ ਕਰਦੀ ਹੈ ਤਾਂ ਮੇਰਾ ਇਹ ਵਿਰੋਧੀ ਨੋਟ ਕਾਰਵਾਈ ਵਿੱਚ ਬਕਾਇਦਾ ਦਰਜ ਕੀਤਾ ਜਾਵੇ।

ਅਮਰੀਕ ਸਿੰਘ ਸ਼ਾਹਪੁਰ,<br>ਮੈਂਬਰ ਅੰ: ਕਮੇਟੀ,<br>ਸ਼੍ਰੋਮਣੀ ਗੁ: ਪ੍ਰ: ਕਮੇਟੀ।

ਨੱਥੀ:- ਸ੍ਰੀ ਅਕਾਲ ਤਖ਼ਤ ਸਾਹਿਬ ਵਲੋਂ ਮਿਤੀ 29-03-2000
ਦੇ ਫੈਸਲੇ ਦੀ ਕਾਪੀ ਨਾਲ ਸ਼ਾਮਿਲ ਹੈ।